# **ਪ੍ਰੈਸ ਨੋਟ**

ਸੰਦੀਪ ਕੁਮਾਰ ਮਲਿਕ IPS ਸੀਨੀਅਰ ਕਪਤਾਨ ਪੁਲਿਸ, ਬਰਨਾਲਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਰਨਾਲਾ ਪੁਲਿਸ ਵੱਲੋਂ ਨਸ਼ਿਆਂ ਅਤੇ ਮਾੜੇ ਅਨਸਰਾਂ ਖ਼ਿਲਾਫ਼ ਮੁਹਿੰਮ ਵਿੱਢੀ ਹੋਈ ਹੈ। ਸ਼੍ਰੀ ਅਨਿਲ ਕੁਮਾਰ, ਪੀ.ਪੀ.ਐੱਸ. ਕਪਤਾਨ ਪੁਲਿਸ (ਡੀ.) ਬਰਨਾਲਾ ਦੀ ਯੋਗ ਅਗਵਾਈ ਹੇਠ ਇਸ ਮੁਹਿੰਮ ਨੂੰ ਉਸ ਸਮੇਂ ਵੱਡੀ ਸਫ਼ਲਤਾ ਹਾਸਲ ਹੋਈ ਜਦੋਂ ਸਬ ਇੰਸ. ਸਰੀਫ਼ ਖਾਨ ਸੀ.ਆਈ.ਏ. ਸਟਾਫ਼ ਬਰਨਾਲਾ ਨੂੰ ਗੁਪਤ ਇਤਲਾਹ ਮਿਲੀ ਕਿ **ਨਵਦੀਪ ਗੋਇਲ ਉਰਫ ਟੋਨੀ ਪੁੱਤਰ ਨੇਕ ਚੰਦ ਵਾਸੀ ਸ਼ਹੀਦ ਜੀਤਾ ਸਿੰਘ ਨਗਰ, ਨੇੜੇ ਕੋਰਟ ਚੌਂਕ, ਬਰਨਾਲਾ** ਅਤੇ **ਬਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪੱਕਾ ਕਾਲਜ਼ ਰੋਡ, ਬਰਨਾਲਾ** ਜੋ ਮੈਡੀਕਲ ਸਟੋਰ ਚਲਾਉਂਦੇ ਹਨ, ਇਹ ਦੋਨੋਂ ਜਾਣੇ ਮੈਡੀਕਲ ਦੁਕਾਨਾਂ ਦੀ ਆੜ ਵਿੱਚ ਨਸ਼ੀਲੀਆਂ ਗੋਲੀਆਂ ਅਤੇ ਨਸ਼ੀਲੇ ਕੈਪਸੂਲ ਲਿਆ ਕੇ ਵੇਚਣ ਦਾ ਧੰਦਾ ਕਰਦੇ ਹਨ। ਖੁਫੀਆ ਇਤਲਾਹ ਮੌਸੂਲ ਹੋਣ ਪਰ ਉਕਤਾਨ ਵਿਅਕਤੀਆਂ ਖ਼ਿਲਾਫ਼ **ਮੁਕੱਦਮਾ ਨੰਬਰ 275 ਮਿਤੀ 19/06/2022 ਅ/ਧ** 22, 25/61/85 **ND&PS ACT ਥਾਣਾ ਸਿਟੀ ਬਰਨਾਲਾ** ਦਰਜ ਕੀਤਾ ਗਿਆ।

ਦੌਰਾਨੇ ਤਫਤੀਸ਼ ਸਬ ਇੰਸਪੈਕਟਰ ਕੁਲਦੀਪ ਸਿੰਘ ਇੰਚਾਰਜ ਸੀ.ਆਈ.ਏ. ਸਟਾਫ਼, ਬਰਨਾਲਾ ਨੇ ਸਮੇਤ ਪੁਲਿਸ ਪਾਰਟੀ ਦੇ ਅਗਲੀ ਕਾਰਵਾਈ ਕਰਦੇ ਹੋਏ ਦੋਸ਼ੀ ਬਿੰਦਰ ਸਿੰਘ ਅਤੇ ਦੋਸ਼ੀ ਨਵਦੀਪ ਗੋਇਲ ਉਕਤਾਨ ਨੂੰ ਕਾਬੂ ਕਰਕੇ ਸ਼੍ਰੀ ਬਲਜਿੰਦਰ ਸਿੰਘ, ਪੀ.ਪੀ.ਐੱਸ. ਉਪ ਕਪਤਾਨ ਪੁਲਿਸ, (NDPS & Special Crime) ਬਰਨਾਲਾ ਦੀ ਹਾਜ਼ਰੀ ਵਿੱਚ ਦੋਸ਼ੀਆਂ ਦੇ ਕਬਜ਼ਾ ਵਿੱਚੋਂ ਨਿਮਨਲਿਖਤ ਅਨੁਸਾਰ ਬ੍ਰਾਮਦਗੀ ਕਰਵਾਈ ਹੈ:-

- **1,40,100 ਕੈਪਸੂਲ ਮਾਰਕਾ Prebasun-300 mg,**
- **15000 ਖੁੱਲੇ ਨਸ਼ੀਲੇ ਕੈਪਸੂਲ,**
- **3200 ਨਸ਼ੀਲੀਆਂ ਗੋਲੀਆਂ ਮਾਰਕਾ Tramadol hydrochloride Tablets 100 mg,**
- **01 ਲੱਖ 03 ਹਜ਼ਾਰ ਡਰੱਗ ਮਨੀ,**
- **ਇੱਕ ਕਰੇਟਾ ਗੱਡੀ ਨੰਬਰੀ PB-19T-0097 ਰੰਗ ਚਿੱਟਾ**

ਤਫਤੀਸ਼ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਦੋਸ਼ੀ ਬਿੰਦਰ ਸਿੰਘ ਉਕਤ **Helix Pharma, Near Old Bus Stand, Barnala** ਅਤੇ ਦੋਸ਼ੀ ਨਵਦੀਪ ਗੋਇਲ ਉਰਫ ਟੋਨੀ ਜੋ **New Goyal Medical Agency, Opp. New Bus Stand, Barnala** ਦੇ ਨਾਮ ਪਰ **ਸਾਲ 2008** ਤੋਂ ਮੈਡੀਕਲ ਸਟੋਰ ਚਲਾ ਰਹੇ ਹਨ।ਦੋਸ਼ੀਆਨ ਉਕਤਾਨ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਤਫਤੀਸ਼ ਕੀਤੀ ਜਾ ਰਹੀ ਹੈ। ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

**ਦੋਸ਼ੀ ਬਿੰਦਰ ਸਿੰਘ ਦੇ ਖ਼ਿਲਾਫ਼ ਪਹਿਲਾਂ ਦਰਜ ਮੁਕੱਦਮਿਆਂ ਦਾ ਵੇਰਵਾ:-**

1. ਮੁਕੱਦਮਾ ਨੰਬਰ 28 ਮਿਤੀ 26.01.2010 ਅ/ਧ 22/61/85 ND&PS ACT ਥਾਣਾ ਸਿਟੀ ਬਰਨਾਲਾ।
2. ਮੁਕੱਦਮਾ ਨੰਬਰ 163 ਮਿਤੀ 17.12.2018 ਅ/ਧ 22/29/61/85ND&PS ACT ਥਾਣਾ ਬਰਨਾਲਾ।